# ਤੇਰੇ ਨਾਮ ਦਾ ਰੰਗ ਐਸਾ ਚੜ੍ਹਿਆਂ ਈ ਮਾਂ

ਤੇਰੇ ਨਾਮ ਦਾ ਰੰਗ ਐਸਾ ਚੜ੍ਹਿਆਂ ਈ ਮਾਂ
ਤੇਰੇ ਲਾਲ ਨੇ ਤੇਰਾ ਪੱਲਾ ਫੜਿਆ ਈ ਮਾਂ
ਤੇਰੇ ਨਾਮ ਦਾ ਰੰਗ...

ਮਨ ਦੇ ਮੰਦਿਰ ਚ ਤੇਰੀ ਜੋਜਤ ਜਗਾਈ ਏ
ਨੈਣਾ ਵਿਚ ਮਈਆ ਤਸਵੀਰ ਵਸਾਈ ਏ
ਤੇਰੇ ਨਾਮ ਦਾ ਰੰਗ...

ਜਯੋਤੀ ਤੇਰੀ ਮਾਂ ਜਲ ਥਲ ਵਿਚ ਜਗਦੀ ਏ
ਰਾਤ ਓਹ ਚੰਗੀ ਜੋ ਤੇਰੇ ਲੇਖੇ ਲਗਦੀ ਏ
ਤੇਰੇ ਨਾਮ ਦਾ ਰੰਗ...

ਸਿਰ ਹੈ ਓਹ ਚੰਗਾ ਤੇਰੇ ਦਰ ਜੋ ਝੁੱਕ ਜਾਏ
ਜੀਭ ਹੈ ਓਹ ਚੰਗੀ ਤੇਰੀ ਮਹਿਮਾ ਜੋ ਗਾਏ
ਤੇਰੇ ਨਾਮ ਦਾ ਰੰਗ...

ਹੱਥ ਓਹ ਚੰਗੇ ਜੋ ਤੇਰੇ ਅੱਗੇ ਜੁੜਦੇ ਨੇ
ਪੈਰ ਨੇ ਓਹ ਚੰਗੇ ਤੇਰੀ ਰਾਹ ਜੋ ਤੁਰਦੇ ਨੇ
ਤੇਰੇ ਨਾਮ ਦਾ ਰੰਗ...

ਨੈਣ ਓਹ ਚੰਗੇ ਜੋ ਤੇਰਾ ਦਰਸ਼ਨ ਪਾਉਂਦੇ ਨੇ
ਸਵਾਂਸ ਓਹ ਚੰਗੇ ਜੋ ਤੇਰੇ ਨਾਂ ਲੱਗ ਜਾਂਦੇ ਨੇ
ਤੇਰੇ ਨਾਮ ਦਾ ਰੰਗ...

ਬੰਦਾ ਓਹ ਚੰਗਾ ਜੇਹੜਾ ਬੰਦਗੀ ਕਰਦਾ ਏ
ਮਾਂ ਦੀ ਭਗਤੀ ਦੇ ਨਾਲ ਝੋਲੀ ਭਰਦਾ ਏ
ਤੇਰੇ ਨਾਮ ਦਾ ਰੰਗ...

ਧਰਤੀ ਓਹ ਚੰਗੀ ਜਿਥੇ ਮਾਂ ਦਾ ਬਸੇਰਾ ਏ
ਬਸਤੀ ਓਹ ਚੰਗੀ ਜਿਥੇ ਜੋਜਤ ਦਾ ਡੇਰਾ ਏ
ਤੇਰੇ ਨਾਮ ਦਾ ਰੰਗ...

स्वर : नरेन्द्र चंचल

https://www.bhajanganga.com/bhajan/lyrics/id/1272/title/tere-naam-da-rang-aisa-chadeya-maa-tere-laal-ne-tera-palla-fadeya-maa

अपने Android मोबाइल पर BhajanGanga App डाउनलोड करें और भजनों का आनंद ले |